# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਬਠਿੰਡਾ
## -ਕਮ-ਦਫ਼ਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ ਬਠਿੰਡਾ।

email ID:-misbathinda@punjabeducation.gov.in


ਵੱਲ

ਸਮੂਹ ਸਕੂਲ ਮੁੱਖੀ (ਸਰਕਾਰੀ, ਪ੍ਰਾਈਵੇਟ, ਏਡਿਡ, ਆਦਰਸ਼, ਸੈਂਟਰਲ ਆਦਿ),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਜ਼ਿਲ੍ਹਾ ਬਠਿੰਡਾ।
ਪੱਤਰ ਨੰ:-ਐਮ.ਆਈ.ਐਸ/2024106656 ਮਿਤੀ:- 29.04.2024

ਵਿਸ਼ਾ: ਈ-ਪੰਜਾਬ ਸਕੂਲ ਪੋਰਟਲ ਤੇ ਵਿਦਿਅਕ ਸੈਸ਼ਨ 2024-25 ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਂਦੀ ਢਾਂਚੇ (Infrastructure Module) ਦੀ ਜਾਣਕਾਰੀ ਅਪਡੇਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਦੇ ਪੋਰਟਲ ਈ-ਪੰਜਾਬ ਸਕੂਲ ਤੇ ਸਮੂਹ ਸਕੂਲਾਂ ਵੱਲੋਂ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਦੇ ਬੁਨਿਆਦੀ ਢਾਂਚੇ ਅਤੇ ਵੱਖ-ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਪੋਰਟਲ ਤੇ ਦਰਜ ਕੀਤੀ ਜਾਂਦੀ ਹੈ। ਸਕੂਲਾਂ ਵੱਲੋਂ ਪੋਰਟਲ ਤੇ ਦਰਜ ਅੰਕੜਿਆ ਨੂੰ ਸਿੱਖਿਆ ਵਿਭਾਗ ਵਲੋਂ ਵੱਖ-ਵੱਖ ਕੰਮਾ ਲਈ ਵਰਤੋਂ ਵਿੱਚ ਲਿਆਇਆ ਜਾਂਦਾ ਹੈ।ਇਸ ਲਈ ਵਿਦਿਅਕ ਸੈਸ਼ਨ 2024-25 ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਂਦੀ ਢਾਂਚੇ (Infrastructure Module) ਦੀ ਜਾਣਕਾਰੀ ਈ-ਪੰਜਾਬ ਸਕੂਲ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ:

1. ਸਕੂਲ ਮੁਖੀ ਦੁਆਰਾ ਸਕੂਲ ਦੇ ਕਿਸੇ ਵੀ ਅਧਿਆਪਕ ਨੂੰ ਈ-ਪੰਜਾਬ ਪੋਰਟਲ ਦਾ ਨੋਡਲ ਇੰਚਾਰਜ ਨਿਯੁਕਤ ਕੀਤਾ ਜਾਵੇ ਅਤੇ ਉਸ ਦਾ ਨਾਮ ਈ-ਪੰਜਾਬ ਸਕੂਲ ਵੈਬ ਪੋਰਟਲ ਤੇ ਅਪਡੇਟ ਕਰਨਾ ਵੀ ਯਕੀਨੀ ਬਣਾਇਆ ਜਾਵੇ।

2. ਈ-ਪੰਜਾਬ ਸਕੂਲ ਪੋਰਟਲ ਤੇ ਸੈਸ਼ਨ 2023-24 ਦੇ ਵਿਦਿਆਰਥੀਆਂ ਦੇ ਡਾਟਾ ਨੂੰ ਸੈਸ਼ਨ 2024-25 ਲਈ ਸਕੂਲ ਪੱਧਰ ਤੇ Promote/Retain ਕਰ ਲਿਆ ਜਾਵੇ।

3. ਸਕੂਲ ਵਿੱਚ ਨਵੇਂ ਦਾਖਲ ਹੋਏ ਬੱਚਿਆਂ ਦਾ ਡਾਟਾ Add Student ਜਾਂ Fetch ਰਾਹੀ ਐਡ ਕਰ ਲਿਆ ਜਾਵੇ।

4. ਪੋਰਟਲ ਤੇ ਦਾਖਲ ਹਰੇਕ ਵਿਦਿਆਰਥੀ ਦਾਖਲਾ ਨੰਬਰ, ਦਾਖਲਾ ਮਿਤੀ, ਮੀਡੀਅਮ, ਮੋਬਾਇਲ ਨੰਬਰ, ਘਰ ਦਾ ਪਤਾ ਆਦਿ ਅਪਡੇਟ ਕਰਨਾ ਜਰੂਰੀ ਹੈ।

5. ਈ-ਪੰਜਾਬ ਸਕੂਲ ਵੈਬ ਪੋਰਟਲ ਤੇ ਇੰਫਰਾਸਟਰਕਚਰ (Infrastructure Module) ਡਾਟਾ ਵੀ ਅਪਡੇਟ ਕਰ ਲਿਆ ਜਾਵੇ।

6. ਈ-ਪੰਜਾਬ ਸਕੂਲ ਵੈਬ ਪੋਰਟਲ ਤੇ ਵਿਦਿਆਰਥੀਆਂ ਦਾ ਡਾਟਾ Promote/Retain ਅਤੇ ਅਪਡੇਟ ਕਰਨ ਤੋਂ ਬਾਅਦ ਅਪਰੂਵ ਕਰਨਾ ਵੀ ਯਕੀਨੀ ਬਣਾਇਆ ਜਾਵੇ।

7. ਸਕੂਲ ਵਿੱਚ ਕੰਮ ਕਰਦੇ ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ ਦਾ ਡਾਟਾ ਚੈੱਕ/ਵੈਰੀਫਾਈ ਕਰਨਾ ਯਕੀਨੀ ਬਣਾਇਆ ਜਾਵੇ।

**ਉਪਰੋਕਤ ਡਾਟਾ ਮਿਤੀ 01-05-2024 ਤੱਕ ਅਪਡੇਟ ਕਰਕੇ ਅਪਰੂਵ ਕਰ ਲਿਆ ਜਾਵੇ।**

29/4/24
ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ/ਸੈ.ਸਿ.),
ਬਠਿੰਡਾ।

# Regarding Infrastructure Module

ਈਪੰਜਾਬਸਕੂਲ ਪੋਰਟਲ ਤੇ ਸਕੂਲਾਂ ਵੱਲੋਂ Infrastructure Module ਅਧੀਨ ਅਪਡੇਟ ਅੰਕੜਿਆ ਵਿੱਚ ਤਰੁੱਟੀਆ ਹਨ। ਸਕੂਲਾਂ ਵੱਲੋਂ ਇਹਨਾਂ ਅੰਕੜਿਆ ਨੂੰ ਸਕੂਲ ਰਿਕਾਰਡ ਅਨੁਸਾਰ ਅਪਡੇਟ ਨਹੀ ਕੀਤਾ ਗਿਆ ਹੈ। ਹੇਠਾਂ ਦਿੱਤੇ ਨੁਕੱਤਿਆ ਅਨੁਸਾਰ ਡਾਟਾ ਵੈਰੀਫਾਈ/ਅਪਡੇਟ ਕਰਨ ਦੀ ਖੇਚਲ ਕੀਤੀ ਜਾਵੇ ਜੀ

1. ਸਕੂਲ ਦਾ ਸਹੀ ਫੋਨ ਨੰਬਰ/ ਮੋਬਾਇਲ ਨੰਬਰ ਅਪਡੇਟ ਕੀਤਾ ਜਾਵੇ।
2. ਸਕੂਲ ਦੀ ਈਮੇਲ ਆਈ.ਡੀ. ਸਹੀ ਅਪਡੇਟ ਕੀਤੀ ਜਾਵੇ। ਈਮੇਲ ਆਈ.ਡੀ. ਭਰਦੇ ਸਮੇਂ Spelling Mistake/Extra space/ Complete domain name etc ਦਾ ਧਿਆਨ ਰੱਖਿਆ ਜਾਵੇ।
3. ਸਕੂਲ ਦਾ Establishment Year ਸਹੀ ਭਰਿਆ ਜਾਵੇ।
4. Affiliation Level and Number ਸਹੀ ਭਰਿਆ ਜਾਵੇ।
5. Medium of Instruction ਸਹੀ ਭਰਿਆ ਜਾਵੇ।
6. ਸਕੂਲ ਦੀ ਬਿਲਡਿੰਗ ਦਾ ਸਟੇਟਸ ਭਾਵ ਬਿਲਡਿੰਗ ਆਪਣੀ ਹੈ/ਰੈਂਟ ਤੇ ਹੈ/ ਰੈਂਟ ਫ੍ਰੀ ਹੈ ਆਦਿ ਸਹੀ ਭਰਿਆ ਜਾਵੇ।
7. ਖੇਡ ਦਾ ਮੈਦਾਨ, ਐਗਰੀਕਲਚਰ ਲੈਂਡ, ਪੀਣ ਵਾਲੇ ਪਾਣੀ ਸਬੰਧੀ ਆਦਿ ਸੂਚਨਾ ਸਹੀ ਭਰੀ ਜਾਵੇ।
8. ਸਕੂਲ ਦੀ ਚਾਰਦਿਵਾਰੀ ਦੇ ਸਟੇਟਸ ਅਤੇ ਡਿਮਾਂਡ ਸਬੰਧੀ ਸਹੀ ਜਾਣਕਾਰੀ ਭਰੀ ਜਾਵੇ।
9. ਫਾਇਰ ਸੇਫਟੀ ਅਤੇ ਬਿਜਲੀ ਦੇ ਕੁਨੈਕਸ਼ਨ ਸਬੰਧੀ ਜਾਣਕਾਰੀ।
10. ਸਕੂਲ ਵਿੱਚ ਕੁੜੀਆ ਅਤੇ ਮੁੰਡਿਆ ਦੇ ਲਈ ਵੱਖ ਵੱਖ ਪਖਾਨਿਆ ਸਬੰਧੀ ਸਹੀ ਸੂਚਨਾ ਅਪਡੇਟ ਕੀਤੀ ਜਾਵੇ।
11. ਸਕੂਲ ਵਿੱਚ ਰੈਂਪ ਅਤੇ ਹੈਂਡ ਰੇਲ ਸਬੰਧੀ ਸਹੀ ਸੂਚਨਾ ਅਪਡੇਟ ਕੀਤੀ ਜਾਵੇ।
12. ਸਕੂਲ ਵਿੱਚ ਵਿਦਿਆਰਥੀਆਂ ਲਈ ਕਲਾਸਰੂਮ ਦੀ ਗਿਣਤੀ ਸਹੀ ਭਰੀ ਜਾਵੇ।
13. ਕਲਾਸਰੂਮ ਦੀ ਗਿਣਤੀ ਜਿਨ੍ਹਾ ਵਿੱਚ Black Board/ White Board/ Green Board and Classroom without any Board ਦੀ ਸਹੀ ਜਾਣਕਾਰੀ ਅਪਡੇਟ ਕੀਤੀ ਜਾਵੇ। ਸਿਰਫ ਪੜ੍ਹਾਈ ਲਈ ਵਰਤੇ ਜਾਂਦੇ ਕਲਾਸਰੂਮ ਦੀ ਸੰਖਿਆ ਭਰੀ ਜਾਵੇ।
14. ਉਪਰੋਕਤ ਤੋ ਇਲਾਵਾ ਸਕੂਲ ਵਿੱਚ ਮੌਜੂਦ ਲੈਬੋਰੇਟਰੀਆ ਅਤੇ ਹੋਰ ਕਮਰਿਆ ਆਦਿ ਦੀ ਵੱਖਰੇ ਤੌਰ ਤੇ ਸੂਚਨਾ ਭਰੀ ਜਾਵੇ।
15. ਸਕੂਲ ਵਿੱਚ ਵਿਦਿਆਰਥੀਆਂ ਲਈ ਮੌਜੂਦ ਫਰਨੀਚਰ ਆਦਿ ਦੀ ਸਹੀ ਜਾਣਕਾਰੀ ਭਰੀ ਜਾਵੇ।

**ਨੋਟ:- ਜ਼ਿਲ੍ਹੇ ਦੇ ਸਾਰੇ ਸਕੂਲਾਂ ਦਾ <u>Infrastructure Module</u> ਡਿਸਅਪਰੂਵ ਕਰ ਦਿੱਤਾ ਗਿਆ ਹੈ।**